# ਪੰਜਾਬ ਸਰਕਾਰ
# ਸਿੱਖਿਆ ਵਿਭਾਗ
# (ਸਿੱਖਿਆ ਸ਼ਾਖਾ-2)

# ਹੁਕਮ

ਸਾਲ 2006-07 ਦੌਰਾਨ ਜੇ.ਬੀ.ਟੀ. ਕਾਡਰ ਦੀਆਂ ਕੀਤੀਆਂ ਜਾਣ ਵਾਲੀਆਂ ਬਦਲੀਆਂ ਸਬੰਧੀ ਤਿਆਰ ਕੀਤੀ ਗਈ ਪਾਲਿਸੀ ਹੇਠਾਂ ਅਨੁਸਾਰ ਹੋਵੇਗੀ:-

ੳ) ਜ਼ਿਲ੍ਹਾ ਸਿੱਖਿਆ ਅਫਸਰ (ਐ.) ਪਾਸ ਬਦਲੀ ਚਾਹੁਣ ਵਾਲੇ ਸਬੰਧਤ ਅਧਿਆਪਕ/ਅਧਿਆਪਕਾਵਾਂ ਵੱਲੋਂ ਮਿਤੀ 25/5/2006 ਤੱਕ ਬਦਲੀਆਂ ਸਬੰਧੀ ਅਰਜ਼ੀਆਂ ਨਿਰਧਾਰਤ ਪਰਫਾਰਮੇ ਤੇ ਪ੍ਰਾਪਤ ਕੀਤੀਆਂ ਜਾਣਗੀਆਂ।ਜ਼ਿਲ੍ਹਾ ਸਿੱਖਿਆ ਅਫਸਰ (ਐ.) ਵੱਲੋਂ ਮਿਤੀ 26/5/206 ਤੋਂ 31/5/2006 ਤੱਕ ਬਦਲੀਆਂ ਲਈ ਪ੍ਰਾਪਤ ਕੀਤੀਆਂ ਅਰਜ਼ੀਆਂ ਪ੍ਰੋਸੈੱਸ ਕੀਤੀਆਂ ਜਣਗੀਆਂ ਅਤੇ ਅੰਤਰ ਜ਼ਿਲ੍ਹਾ ਬਦਲੀਆਂ ਲਈ ਪ੍ਰਾਪਤ ਅਰਜ਼ੀਆਂ ਮਿਤੀ 31 ਮਈ 2006 ਤੱਕ ਡੀ.ਪੀ.ਆਈ. (ਐ.) ਨੂੰ ਦਸਤੀ ਭੇਜੀਆਂ ਜਾਣਗੀਆਂ।ਜ਼ਿਲ੍ਹਾ ਸਿੱਖਿਆ ਅਫਸਰ (ਐ.) ਮਿਤੀ 1/6/2006 ਤੋਂ 7/6/2006 ਤੱਕ ਜ਼ਿਲ੍ਹਾ ਪੱਧਰ ਦੀਆਂ ਬਦਲੀਆਂ ਕਰਨਗੇ। ਜ਼ਿਲ੍ਹੇ ਅੰਦਰ ਬਦਲੀ ਕੀਤੇ ਗਏ ਅਧਿਆਪਕ ਮਿਤੀ 14/6/06 ਤੱਕ ਸਬੰਧਤ ਸਕੂਲਾਂ ਵਿੱਚ ਹਾਜ਼ਰ ਹੋਣਗੇ। ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ (ਐ.) ਸਾਰੀਆਂ ਖਾਲੀ ਥਾਵਾਂ ਦੀ ਸੂਚਨਾ ਡੀ.ਪੀ.ਆਈ (ਐ.) ਨੂੰ ਮਿਤੀ 16/6/2006 ਨੂੰ ਦਸਤੀ ਭੇਜਣਗੇ।

ਅ) ਡਾਇਰੈਕਟੋਰੇਟ ਪੱਧਰ ਤੇ ਅੰਤਰ ਜ਼ਿਲ੍ਹਾ ਬਦਲੀਆਂ ਦਾ ਕੰਮ ਡੀ.ਪੀ.ਆਈ. (ਐ.) ਵੱਲੋਂ 23/6-06 ਤੱਕ ਕੀਤਾ ਜਾਵੇਗਾ। ਟੰਤਰ ਜ਼ਿਲ੍ਹਾ ਬਦਲੀਆਂ ਅਧੀਨ ਬਦਲੀ ਕੀਤੇ ਗਏ ਅਧਿਆਪਕ ਮਿਤੀ 30/6/2006 ਤੱਕ ਸਬੰਧਤ ਸਕੂਲਾਂ ਵਿੱਚ ਹਾਜ਼ਰ ਹੋਣਗੇ। ਮਿਤੀ 1/7/2006 ਨੂੰ ਜ਼ਿਲ੍ਹਾ ਸਿੱਖਿਆ ਅਫਸਰ ਅੰਤਰ ਜ਼ਿਲ੍ਹਾ ਬਦਲੀਆਂ ਅਧੀਨ ਹਾਜ਼ਰ ਹੋਣ ਵਾਲੇ ਅਤੇ ਨਾ ਹਾਜ਼ਰ ਹੋਣ ਵਾਲੇ ਅਧਿਆਪਕਾਂ ਦੀ ਸੂਚਨਾ ਡੀ.ਪੀ.ਆਈ. (ਐ.) ਨੂੰ ਦਸਤੀ ਭੇਜਣਗੇ।

ਸਾਲ 2006-07 ਦੌਰਾਨ ਅਧਿਆਪਕਾਂ/ਅਧਿਆਪਕਾਵਾਂ ਦੀਆਂ ਬਦਲੀਆਂ ਲਈ ਸਕੂਲਾਂ ਦੀਆਂ ਕੈਟਾਗਰੀਆਂ ਹੇਠ ਲਿਖੇ ਅਨੁਸਾਰ ਹਨ:-

<u>ਕੈਟਾਗਰੀ</u>

ਏ. ਸਾਰੇ ਜ਼ਿਲ੍ਹਾ, ਹੈੱਡਕੁਆਰਟਰ, ਸਬ-ਡਵੀਜ਼ਨ ਹੈੱਡ ਕੁਆਰਟਰਜ਼ ਅਤੇ ਇਨ੍ਹਾਂ ਹੈੱਡਕੁਆਰਟਰਾਂ ਦੀ ਮਿਊਂਸਪਲ ਲਿਮਿਟ ਦੇ 10 ਕਿਲੋਮੀਟਰ ਦੇ ਘੇਰੇ ਅੰਦਰ ਪੈਂਦੇ ਸਕੂਲ।

ਬੀ. ਉਹ ਸਾਰੇ ਸ਼ਹਿਰ/ਨਗਰ ਜਿੱਥੇ ਕੋਈ ਪੇਂਡੂ ਪੰਚਾਇਤ ਨਹੀਂ ਅਤੇ ਇਨ੍ਹਾਂ ਹੈਡਕੁਆਰਟਰਾਂ ਦੀ ਮਿਊਂਸਪਲ ਲਿਮਿਟ ਦੇ 10 ਕਿਲੋਮੀਟਰ ਦੇ ਘੇਰੇ ਅੰਦਰ ਪੈਂਦੇ ਸਕੂਲ।

ਸੀ. ਉਹ ਸਾਰੇ ਸਕੂਲ ਜਿੱਥੇ ਕਿ ਪੇਂਡੂ ਪੰਚਾਇਤਾਂ ਹਨ।

ਡੀ. ਉਹ ਸਾਰੇ ਸਕੂਲ ਜ਼ੋ ਕਿ ਅੰਤਰ ਰਾਸ਼ਟਰੀ ਹੱਦਾਂ ਦੇ 8 ਕਿ.ਮੀ. ਤੋਂ ਵੱਧ ਅਤੇ 16 ਕਿ.ਮੀ. ਤੱਕ ਦੇ ਘੇਰੇ ਅੰਦਰ ਪੈਂਦੇ ਹਨ, ਪਰ ਏ ਅਤੇ ਬੀ. ਕੈਟਾਗਰੀ ਦੇ ਸਕੂਲ ਜ਼ੋ ਇਨ੍ਹਾਂ ਇਲਾਕਿਆਂ ਵਿੱਚ ਪੈਂਦੇ ਹਨ ਨੂੰ ਛੱਡ ਕੇ।

ਈ. ਉਹ ਸਾਰੇ ਸਕੂਲ ਜੋ ਕਿ ਅੰਤਰ ਰਾਸ਼ਟਰੀ ਹੱਦਾਂ ਦੇ 8 ਕਿ.ਮੀ. ਤੱਕ ਦੇ ਘੇਰੇ ਅੰਦਰ ਪੈਂਦੇ ਹਨ, ਪਰ ਏ ਅਤੇ ਬੀ ਕੈਟਾਗਰੀ ਦੇ ਸਕੂਲ ਜੋ ਇਨ੍ਹਾਂ ਇਲਾਕਿਆਂ ਵਿੱਚ ਪੈਂਦੇ ਹਨ, ਨੂੰ ਛੱਡ ਕੇ।

1) ਸਿਰਫ ਅਤੇ ਸਿਰਫ ਯੋਗ ਪ੍ਰਣਾਲੀ ਰਾਹੀਂ ਪ਼੍ਰਾਪਤ ਹੋਈਆਂ ਅਰਜ਼ੀਆਂ ਹੀ ਬਦਲੀ ਲਈ ਵਿਚਾਰੀਆਂ ਜਾਣਗੀਆਂ। ਸਬੰਧਤ ਅਧਿਆਪਕ ਆਪਣਾ ਬਿਨੈ ਪੱਤਰ ਯੋਗ ਪ੍ਰਣਾਲੀ ਰਾਹੀਂ ਆਪਣੇ ਸਕੂਲ ਮੁੱਖੀ ਤੋਂ ਪ੍ਰਵਾਨ ਕਰਵਾ ਕਿ ਬਲਾਕ ਅਫਸਰ ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ (ਐ.) ਨੂੰ ਭੇਜੇਗਾ।

2) ਜ਼ਿਲ੍ਹੇ ਦੇ ਅੰਦਰ ਪੈਂਦੇ ਸਕੂਲਾਂ ਦੀਆਂ ਸਾਰੀਆਂ ਬਦਲੀਆਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਕੀਤੀਆਂ ਜਾਣਗੀਆਂ। ਟੰਤਰ ਜ਼ਿਲ੍ਹਾ ਬਦਲੀਆਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, (ਬੀ.ਪੀ.ਈ.ਓਜ਼.) ਦੀਆਂ ਬਦਲੀਆਂ ਡੀ.ਪੀ.ਆਈ. (ਐ.ਸਿ.) ਵੱਲੋਂ ਕੀਤੀਆਂ ਜਾਣਗੀਆਂ।

3) ਪੰਚਾਇਰੀ ਰਾਜ ਸੰਸਥਾਵਾਂ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੀਆਂ ਬਦਲੀਆਂ ਪਹਿਲ ਦੇ ਆਧਾਰ ਤੇ ਪਹਿਲੀ ਸਟੇਜ਼ ਤੇ ਕੀਤੀਆਂ ਜਾਣਗੀਆ, ਪ੍ਰੰਤੂ ਅਜਿਹੇ ਅਧਿਆਪਕਾਂ ਦੀ ਬਦਲੀ ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਚੁਣੇ ਗਏ ਅਧਿਆਪਕਾਂ ਦੇ ਹਾਜ਼ਰ ਹੋਣ ਤੇ ਹੀ ਹੋਵੇਗੀ।

4) ਸੰਗਲ ਟੀਚਰ/ਡਬਲ ਟੀਚਰ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ/ਅਧਿਆਪਕਾਵਾਂ ਦੀ ਬਦਲੀ ਤਾਂ ਹੀ ਕੀਤੀ ਜਾਵੇਗੀ ਜੇ ਕਰ ਉਸ ਦੀ ਥਾਂ ਤੇ ਹੋਰ ਬਦਲਵਾਂ ਅਧਿਆਪਕ ਉਸ ਦੇ ਸਕੂਲ ਲਈ ਉਪਲੱਬਦ ਹੋਵੇਗਾ।

5) ਜਿਸ ਸਕੂਲ ਵਿੱਚੋਂ ਅਧਿਆਪਕ ਨੇ ਬਦਲੀ ਮੰਗੀ ਹੈ ਅਤੇ ਉਸ ਦੀ ਬਦਲੀ ਉਪਰੰਤ ਜੇਕਰ ਉਸ ਸਕੂਲ, ਵਿੱਚ ਅਧਿਆਪਕ ਵਿਦਿਆਰਥੀ ਅਨੁਪਾਤ 1:40 ਤੋਂ ਵੱਧ ਹੋਵੇਗਾ ਤਾਂ ਉਸ ਦੀ ਬਦਲੀ ਨਹੀਂ ਕੀਤੀ ਜਾਵੇਗੀ।

6) ਜ਼ਿਲ੍ਹੇ ਵਿੱਚ ਸਰਪਲੱਸ ਅਧਿਆਪਕ ਹੋਣ ਦੀ ਸੂਰਤ ਵਿੱਚ ਹੀ ਅੰਤਰ ਜ਼ਿਲ੍ਹਾ ਬਦਲੀ ਕੀਤੀ ਜਾਵੇਗੀ ਜਾਂ ਅੰਤਰ ਜ਼ਿਲ੍ਹਾ ਬਦਲੀ ਆਪਸੀ ਤਬਾਦਲੇ ਦੀ ਸੂਰਤ ਵਿੱਚ ਹੀ ਕੀਤੀ ਜਾਵੇਗੀ ਤਾਂ ਜੋ ਜਿਨ੍ਹਾ ਜ਼ਿਲ੍ਹਿਆਂ ਵਿੱਚ ਸਟਾਫ ਦੀ ਘਾਟ ਹੈ ਤਾਂ ਇਸ ਘਾਟ ਵਿੱਚ ਹੋਰ ਵਾਧਾ ਨਾ ਹੋਵੇ।

7) ਉਹ ਅਧਿਆਪਕ ਜੋ ਬਿਨਾਂ ਅਗਿਆ ਤੋਂ ਛੁੱਟੀ ਤੇ ਰਹੇ ਹਨ/ਡਿਊਟੀ ਤੋਂ ਗੈਰ-ਹਾਜ਼ਰ ਰਹਿੰਦੇ ਹਨ, ਨੂੰ ਬਦਲੀ ਸਬੰਧੀ ਪ੍ਰਤੀ ਬੇਨਤੀਆਂ ਦੇਣ ਦੀ ਆਗਿਆ ਨਹੀਂ ਹੋਵੇਗੀ। ਟਜਿਹੇ ਅਪਿਧਆਪਕ ਆਪਸੀ ਬਦਲੀ ਲਈ ਵੀ ਬਿਨੈ ਪੱਤਰ ਨਹੀਂ ਦੇ ਸਕਣਗੇ।

8) ਬਦਲੀਆਂ ਕੇਵਲ ਮੰਗੇ ਗਏ ਸਕੂਲਾਂ ਤੇ ਖਾਲੀ ਪੋਸਟਾਂ ਤੇ ਹੀ ਕੀਤੀਆਂ ਜਾਣਗੀਆਂ।

9) ਟਾਸਾਮੀ ਸਮੇਤ ਜਾਂ ਡੈਪੁਟੇਸ਼ਨ ਦੁਆਰਾ ਕੋਈ ਬਦਲੀਆਂ ਨਹੀਂ ਕੀਤੀਆਂ ਜਾਣਗੀਆਂ।

10) ਦੋ ਸਾਲ ਤੋਂ ਘੱਟ ਸਮੇਂ ਵਿੱਚ ਸੇਵਾ ਮੁਕਤ ਹੋਣ ਵਾਲੇ ਕਰਮਚਾਰੀ ਆਪਸੀ ਬਦਲੀ ਲਈ ਬਿਨੈ ਪੱਤਰ ਨਹੀਂ ਦੇ ਸਕਣਗੇ।

11) ਬਦਲੀ ਸਿਰਫ ਮਨਜ਼ੂਰਸ਼ੁਦਾ ਆਸਾਮੀ ਹੋਣ ਦੀ ਸੂਰਤ ਵਿੱਚ ਹੀ ਕੀਤੀ ਜਾਵੇਗੀ।

12) ਬਦਲੀ ਲਈ ਅਧਿਆਪਕ ਦੀ ਵਰਤਮਾਨ ਸਕੂਲ ਵਿੱਚ ਠਹਿਰ ਘੱਟ ਤੋਂ ਘੱਟ ਤਿੰਨ ਸਾਲ ਲਾਜ਼ਮੀ ਹੋਵੇਗੀ ਪ੍ਰੰਤੂ ਇਸ ਵਿੱਚ ਨਿਮਨਲਿਖਤ ਨੂੰ ਛੋਟ ਹੋਵੇਗੀ:-

ੳ) ਵਿਧਵਾਵਾਂ
ਅ) ਨਵਵਿਵਾਹਤ ਲੜਕੀਆਂ (ਸਿਰਫ ਇੱਕ ਵਾਰ)
ੲ) ਕੁਆਰੀਆਂ ਲੜਕੀਆਂ
ਸ) ਨੌਕਰੀ ਕਰ ਰਹੇ ਫੌਜੀ ਦੀ ਪਤਨੀ
ਹ) ਕਰੋਨਿਕ ਬਿਮਾਰੀਆਂ ਤੋਂ ਪੀੜਤ ਅਧਿਆਪਕ ਜਿਵੇਂ ਕੈਂਸਰ, ਹਾਰਟ-ਟਰਬਲ
ਕ) ਅੰਗਹੀਣ/ਨੇਤਰਹੀਣ
ਖ) ਮੁਲਾਜ਼ਮ ਜਿਨ੍ਹਾਂ ਦੇ ਬੱਚੇ ਦਿਮਾਗੀ ਤੌਰ ਤੇ ਲਕਵੇ ਦੇ ਰੋਗੀ/ਨੇਤਰਹੀਣ ਹੋਣ ਖਾਲੀ ਆਸਾਮੀਆਂ ਤੇ ਉਪਰੋਕਤ ਕੈਟਾਗਰੀਆਂ ਨੂੰ ਪਹਿਲ ਦੇ ਆਧਾਰ ਤੇ ਬਦਲੀ ਸਮੇਂ ਵਿਚਾਰਿਆ ਜਾਵੇਗਾ। ਇਨ੍ਹਾਂ ਦੀਆਂ ਬਦਲੀਆਂ ਤੋਂ ਬਾਅਦ ਬਾਕੀ ਬਚੀਆਂ ਖਾਲੀ ਆਸਾਮੀਆਂ ਤੇ ਹੋਰ ਬਦਲੀਆਂ ਕੀਤੀਆਂ ਜਾਣਗੀਆਂ।

13) ਪਾਲਿਸੀ ਦੇ ਅੰਦਰ ਰਹਿੰਦੀਆਂ ਪ੍ਰਤੀ ਬੇਨਤੀਆਂ ਦੇ ਆਧਾਰ ਤੇ ਇਸਤਰੀ ਅਧਿਆਪਕਾਵਾਂ ਨੂੰ ਲੜਕੀਆਂ ਦੇ ਸਕੂਲਾਂ ਵਿੱਚ ਖਾਲੀ ਆਸਾਮੀਆਂ ਤੇ ਪਹਿਲ ਦੇ ਆਧਾਰ ਤੇ ਬਦਲਿਆ ਜਾਵੇਗਾ।

14) ਵੱਖ-ਵੱਖ ਕੈਟਾਗਰੀ ਦੇ ਸਕੂਲਾਂ ਵਿੱਚ ਬਦਲੀ ਦੇ ਪਾਤਰ ਹੋਣ ਲਈ ਸਕੂਲ ਵਿੱਚ ਘੱਟੋ-ਘੱਟ ਠਹਿਰ ਨਿਮਨ ਅਨੁਸਾਰ ਹੋਵੇਗੀ:-

| **ਕੈਟਾਗਿਰੀ** | **ਠਹਿਰ ਦਾ ਸਮਾਂ** |
|---|---|
| ਈ | 0 ਤੋਂ 5 ਸਾਲ |
| ਡੀ | 5 ਤੋਂ 10 ਸਾਲ |
| ਸੀ | 10 ਤੋਂ 15 ਸਾਲ |
| ਬੀ | 15 ਤੋਂ 20 ਸਾਲ |
| ਏ | 20 ਸਾਲ ਤੋਂ ਉੱਪਰ |

15) ਉਹ ਅਧਿਆਪਕ ਜੋ ਦੋ ਸਾਲਾਂ ਦੇ ਅੰਦਰ ਅੰਦਰ ਸੇਵਾ ਮੁਕਤ ਹੋਣ ਵਾਲੇ ਹਨ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਨਹੀਂ ਬਦਲਿਆ ਜਾਵੇਗਾ।

16) ਸਾਰੀਆਂ ਬਦਲੀਆਂ ਹੁਕਮ ਜਾਰੀ ਹੋਣ ਦੇ 7 ਦਿਨਾਂ ਦੇ ਅੰਦਰ ਅੰਦਰ ਲਾਗੂ ਹੋਣਗੀਆਂ, ਸਮਰੱਥ ਅਧਿਕਾਰੀ ਵੱਲੋਂ ਜਾਰੀ ਹੋਣ ਦੀ ਮਿਤੀ ਤੋਂ 8ਵੇਂ ਦਿਨ ਬਦਲੀ ਰੱਦ ਸਮਝੀ ਜਾਵੇਗੀ।

17) ਕਰਮਚਾਰੀ ਵੱਲੋਂ ਬਦਲੀ ਲਈ ਦਿੱਤੇ ਬੇਨਤੀ ਪੱਤਰ ਵਿੱਚ ਆਪਣੀ ਤਰਜੀਹ ਅਨੁਸਾਰ ਤਿੰਨ ਸਕੂਲਾਂ ਦੇ ਨਾਂ ਦਿੱਤੇ ਜਾਣਗੇ ਸਿਰਫ ਅਤੇ ਸਿਰਫ ਉਹ ਸਕੂਲ ਹੀ ਬਦਲੀ ਲਈ ਵਿਚਾਰੇ ਜਾਣਗੇ।

ਇਹ ਪਾਲਿਸੀ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ:
ਮਈ 9, 2006

**ਸਰਵੇਸ਼ ਕੌਸ਼ਲ**
**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: 16/40/03-4ਸਿ2/10321 ਮਿਤੀ : 09-05-2006

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਤੁਰੰਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.), ਪੰਜਾਬ, ਚੰਡੀਗੜ੍ਹ।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਪੰਜਾਬ।

**ਸਹੀ/-**
**ਸੁਪਰਡੰਟ ਸਿੱਖਿਆ-2**

ਪਿੱਠ ਅੰਕਣ ਨੰ: 16/40/03-4ਸਿ2/10321 ਮਿਤੀ : 09-05-2006

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ, ਪੰਜਾਬ।
2) ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਐਸ.ਜੇ.), ਪੰਜਾਬ।
3) ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਵੀ), ਪੰਜਾਬ।
4) ਅਧੀਨ ਸਕੱਤਰ ਸਕੂਲ ਸਿੱਖਿਆ, ਪੰਜਾਬ।

**ਸਹੀ/-**
**ਸੁਪਰਡੰਟ ਸਿੱਖਿਆ-2**

# ਸਿੱਖਿਆ ਵਿਭਾਗ ਪੰਜਾਬ,
# ਅਧਿਆਪਕਾਂ ਦੀਆਂ ਬਦਲੀਆਂ ਲਈ ਪ੍ਰੋਫਾਰਮਾ (ਸਾਲ 2006-2007)

ਬਦਲੀ ਲਈ ਅਰਜ਼ੀਆਂ ਸਿਰਫ ਅਤੇ ਸਿਰਫ ਯੋਗ ਪ੍ਰਣਾਲੀ ਰਾਹੀਂ ਹੀ ਵਿਚਾਰੀਆਂ ਜਾਣਗੀਆਂ ਬੀ.ਪੀ.ਈ.ਓ. ਰਾਹੀਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਬਦਲੀ ਲਈ ਬਿਨੈ-ਪੱਤਰ ਦੇਣ ਦਾ ਸਮਾਂ 16-05-06 ਤੱਕ ਹੈ।

1) ਬਿਨੈਕਾਰ ਦਾ ਪੂਰਾ ਨਾਮ, ਅਹੁਦਾ ਅਤੇ ਸਕੂਲ ਦਾ ਨਾਮ: ........................................
........................................

2) ਪਿਤਾ/ਪਤੀ ਦਾ ਨਾਮ: ........................................

3) ਸਰਕਾਰੀ ਨੌਕਰੀ ਵਿੱਚ ਨਿਯੁਕਤੀ ਦੀ ਮਿਤੀ: ........................................

4) ਥਾਡਰ (ਸਟੇਟ ਕਾਡਰ/ਜ਼ਿਲ੍ਹਾ ਕਾਡਰ): ........................................

5) ਸੇਵਾ ਨਵਿਰਤੀ ਦੀ ਮਿਤੀ: ........................................

6) ਵਰਤਮਾਨ ਸਕੂਲ ਵਿੱਚ ਆਉਣ ਦੀ ਮਿਤੀ: ਮਿਤੀ:............. ਤੋਂ .............
ਠਹਿਰ..........ਸਾਲ...........ਮਹੀਨਾ

7) (ੳ) ਅਧਿਆਪਕ ਦੀ ਰਿਹਾਇਸ਼ ਦੇ ਸਥਾਨ ਦਾ ਨਾਂ ਅਤੇ ਪੂਰਾ ਪਤਾ: ................................ਕਿ.ਮੀ.

(ਅ) ਅਧਿਆਪਕ ਦੀ ਵਰਤਮਾਨ ਪੋਸਟਿੰਗ ਵਾਲੇ: ................................ਕਿ.ਮੀ.
ਸਕੂਲ ਦਾ ਉਸ ਦੀ ਰਿਹਾਇਸ਼ ਵਾਲੇ ਸਥਾਨ ਤੋਂ ਫਾਸਲਾ

8) ਕੁੱਲ ਸੇਵਾ ਦਾ ਸਮਾਂ

ਕੈਟੇਗਰੀ-ਏ :- ਮਿਤੀ:............................. ਤੋਂ ..................................ਤੱਕ

ਕੈਟੇਗਰੀ-ਬੀ :- ਮਿਤੀ:............................. ਤੋਂ ..................................ਤੱਕ

ਕੈਟੇਗਰੀ-ਸੀ :- ਮਿਤੀ:............................. ਤੋਂ ..................................ਤੱਕ

ਕੈਟੇਗਰੀ-ਡੀ :- ਮਿਤੀ:............................. ਤੋਂ ..................................ਤੱਕ

9) ਸੇਵਾ ਦੌਰਾਨ ਮੁਅੱਤਲੀ ਦਾ ਸਮਾਂ ਮਿਤੀ:........................ ਤੋਂ ..................................ਤੱਕ
(ਜੇਕਰ ਕੋਈ ਹੋਵੇ)

10) ਬਿਨੈਕਾਰ ਵਿਰੁੱਧ ਕੋਈ ਇੰਨਕੁਆਰੀ: ..................................................

ਜਾਂ ਵਿਭਾਗੀ ਪੜਤਾਲ ਤਾਂ ਨਹੀਂ ਚੱਲ ਰਹੀ?

11) ਪਿਛਲੇ ਤਿੰਨ ਸਾਲਾ ਦੌਰਾਨ ਪ੍ਰਬੰਧਕੀ ਆਧਾਰ: ਬਦਲੀ ਦੀ ਮਿਤੀ:..............................
ਤੇ ਹੋਈ ਬਦਲੀ ਦਾ ਵੇਰਵਾ ਜਿੱਥੇ ਬਦਲਿਆ:................................
ਜਿੱਥੇ ਬਦਲਿਆ :..............................

12) ਕੈਟਾਗਰੀ (✓ਕੀਤੀ ਜਾਵੇ)

| | | | |
|---|---|---|---|
| (ੳ) | ਵਿਧਵਾ | (ਅ) | ਕੁਆਰੀ |
| (ੲ) | ਅੰਗਹੀਣ | (ਸ) | ਦਿਮਾਗੀ ਤੌਰ ਤੇ ਰੋਗੀ ਬੱਚਿਆਂ ਦਾ ਮਾਂ-ਬਾਪ |
| (ਹ) | ਨੌਕਰੀ ਕਰ ਰਹੇ ਫੌਜੀ ਦੀ ਪਤਨੀ | (ਕ) | ਕਪਲ ਕੇਸ |

13) ਬਦਲੀ ਕਰਾਉਣ ਦੇ ਹੋਰ ਕੋਈ ਕਾਰਨ :..................................................

14) ਬਦਲੀ ਲਈ ਮੰਗੇ ਗਏ 4ਸਕੂਲਾਂ ਦਾ ਨਾਂ,ਸਮੇਤ ਬਲਾਕ :1. ----------------------
(ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਸਕੂਲਾਂ ਤੋ ਬਿਨਾਂ) :2. ----------------------
:3. ----------------------
:4. ----------------------

**(ਨੋਟ:- ਜੋ ਸਕੂਲ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਹਨ ਉਨ੍ਹਾਂ ਵਿੱਚ ਕਿਸੇ ਵੀ ਅਧਿਆਪਕ ਦੀ ਬਦਲੀ ਨਹੀਂ ਕੀਤੀ ਜਾਵੇਗੀ)**

ਮੈਂ ਤਸਦੀਕ ਕਰਦਾ ਹਾਂ ਕਿ ਉੱਪਰ ਲਿਖੇ ਵੇਰਵੇ ਸਹੀ ਹਨ, ਕੋਈ ਤੱਥ ਗਲਤ ਸਾਬਤ ਹੋਣ ਤੇ ਮੇਰੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।

**ਬਿਨੈਕਾਰ ਦੇ ਹਸਤਾਖਰ ਅਤੇ ਮਿਤੀ:**
**ਸਕੂਲ:-**
**ਪਿੰਡ/ਕਸਬਾ:-**
**ਤਹਿਸੀਲ:-**
**ਸਿੱਖਿਆ ਬਲਾਕ:-**
**ਜ਼ਿਲ੍ਹਾ:-**

ਤਸਦੀਕ ਕੀਤਾ ਜਾਂਦਾ ਹੈ ਕਿ

(ੳ) ਇਸ ਸਕੂਲ ਵਿੱਚ ਮਨਜ਼ੂਰਸ਼ੁਦਾ ਆਸਾਮੀ ਸੈਂਟਰ ਹੈੱਡ ਟੀਚਰ/ਹੈੱਡ ਟੀਚਰ .................... ਹੈ। ਈ.ਟੀ.ਟੀ. ਟੀਚਰ/ਜੇ.ਬੀ.ਟੀ. ਟੀਚਰ ................ ਹਨ। ਇੱਥੇ ................. ਟੀਚਰ ਕੰਮ ਕਰਦੇ ਹਨ ਅਤੇ ..................... ਪੋਸਟਾਂ ਖਾਲੀ ਹਨ।

(ਅ) ਸਕੂਲ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ ਤੱਕ .............. ਵਿਦਿਆਰਥੀ ਪੜ੍ਹਦੇ ਹਨ।

(ੲ) ਇਹ ਸਕੂਲ .................... ਕੈਟੇਗਰੀ ਵਿੱਚ ਆਉਂਦਾ ਹੈ।

(ਸ) ਬਿਨੈਕਾਰ ਸ੍ਰੀ/ਸ੍ਰੀਮਤੀ/ਕੁਮਾਰੀ .................... ਇਸ ਸਕੂਲ ਵਿੱਚ ਮਿਤੀ ................. ਤੋਂ ..................... ਬਤੌਰ ........................ਕੰਮ ਕਰ ਰਿਹਾ/ਰਹੀ ਹੈ।

ਉਸ ਦੁਆਰਾ ਬਿਨੈ-ਪੱਤਰ ਵਿੱਚ ਦਰਜ ਕੀਤੇ ਸਾਰੇ ਵੇਰਵੇ ਦਫਤਰੀ ਰਿਕਾਰਡ ਅਨੁਸਾਰ ਸਹੀ ਹਨ ਅਤੇ ਉਹ ਬਦਲੀ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹੈ।

**ਸਕੂਲ ਮੁੱਖੀ ਦੇ ਹਸਤਾਖਰ (ਮੋਹਰ ਅਤੇ ਮਿਤੀ ਸਹਿਤ)**

ਤਸਦੀਕ ਕੀਤਾ ਜਾਂਦਾ ਹੈ ਕਿ ਬਿਨੈਕਾਰ ਬਦਲੀ ਲਈ ਲੱਗੀਆਂ ਸ਼ਰਤਾਂ ਨਤੀਜਾ ਠਹਿਰ, ਗੈਰਹਾਜ਼ਰੀ ਅਤੇ ਪੜਤਾਲ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹੈ।

**ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਹਸਤਾਖਰ**

ਡਿਸਪੈਚ ਨੰ: ਮਿਤੀ:

1) ਮੂਲ ਰੂਪ ਵਿੱਚ ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.) ਨੂੰ ਭੇਜਦਿਆਂ ਤਸਦੀਕ ਕੀਤਾ ਜਾਂਦਾ ਹੈ ਕਿ ਬਿਨੈਕਾਰ ਬਦਲੀ ਲਈ ਲੱਗੀਆਂ, ਠਹਿਰ, ਗੈਰਹਾਜ਼ਰੀ ਅਤੇ ਪੜਤਾਲ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹੈ।
2) ਬਿਨੈਕਾਰ .....................ਕੈਟਾਗਰੀ ਸਟੇਸ਼ਨ ਤੇ ਕੰਮ ਕਰ ਰਿਹਾ ਹੈ ਅਤੇ ਉਸ ਦੀ ਮਜੂਦਾ ਸਟੇਸ਼ਨ ਤੇ ਠਹਿਰ .................. ਸਾਲ ਹੈ।
3) ਏ ਕੈਟਾਗਰੀ ਤੇ ......................... ਠਹਿਰ,
ਬੀ ਕੈਟਾਗਰੀ ਤੇ ......................... ਠਹਿਰ,
ਸੀ ਕੈਟਾਗਰੀ ਤੇ ......................... ਠਹਿਰ,
ਡੀ ਕੈਟਾਗਰੀ ਤੇ ......................... ਠਹਿਰ,
ਈ ਕੈਟਾਗਰੀ ਤੇ ......................... ਠਹਿਰ,
4) ਬਿਨੈਕਾਰ ਬਦਲੀ ਲਈ ਸ਼ਰਤਾਂ ਪੂਰੀਆਂ ਨਹੀਂ ਕਰਦਾ। ਉਸ ਦਾ ਬਿਨੈਪੱਤਰ ................ ਨੂੰ ਵਾਪਿਸ ਭੇਜਿਆ ਜਾਂਦਾ ਹੈ।

**ਜ਼ਿਲ੍ਹਾ ਸਿੱਖਿਆ ਅਫਸਰ ਦੇ**
**ਪ੍ਰਤੀ ਹਸਤਾਖਰ ਅਤੇ ਮਿਤੀ**

ਨੋਟ:- ਜ਼ਿਲ੍ਹੇ ਦੇ ਅੰਦਰ ਬਦਲੀ ਸਬੰਧੀ ਬਿਨੈ ਪੱਤਰ ਇੱਕ ਪੜ੍ਹਤ ਵਿੱਚ, ਮੰਡਲ ਅੰਦਰ ਬਦਲੀ ਕਰਾਉਣ ਲਈ ਬਿਲੈ ਪੱਤਰ ਤਿੰਨ ਪੜ੍ਹਤਾਂ ਵਿੱਚ ਸਕੂਲ ਮੁੱਖੀ ਰਾਹੀਂ ਉਸ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਭੇਜਿਆ ਜਾਵੇਗਾ ਜਿਸ ਜ਼ਿਲ੍ਹੇ ਵਿੱਚ ਕਰਮਚਾਰੀ ਕੰਮ ਕਰ ਰਿਹਾ ਹੈ।